# ਅਮਰ ਪੰਜਾਬ

## ਪਹਿਲੀ ਝਾਕੀ

[ ਸਟੇਜ ਉਤੇ ਸ਼ੁਰੂ ਵਿਚ ਹਨੇਰਾ। ਪਰਦੇ ਦੇ ਮਗਰੋਂ ਬੰਸਰੀ ਵਜਣ ਦੀ ਆਵਾਜ਼ ਆਉਂਦੀ ਹੈ ਤੇ ਹੌਲੀ ਹੌਲੀ ਬੰਸਰੀ ਦੀ ਆਵਾਜ਼ ਤੇਜ਼ ਹੁੰਦੀ ਜਾਂਦੀ ਹੈ ਤੇ ਨਾਲ ਹੀ ਰੌਸ਼ਨੀ ਵੀ ਵਧਦੀ ਜਾਂਦੀ ਹੈ। ਪੂਰੀ ਰੌਸ਼ਨੀ ਹੋਣ ਦੇ ਨਾਲ ਹੀ ਬੰਸਰੀ ਵਜਾਂਦਾ ਇਕ ਗਭਰੂ ਸਟੇਜ ਉਤੇ ਆ ਜਾਂਦਾ ਹੈ ਤੇ ਇਕ ਵਾਰ ਬੰਸਰੀ ਬੰਦ ਕਰਕੇ ਇੰਜ ਵੇਖਦਾ ਹੈ ਜਿਵੇਂ ਉਸ ਨੂੰ ਕਿਸੇ ਦੀ ਉਡੀਕ ਹੋਵੇ ਤੇ ਫਿਰ ਬੰਸਰੀ ਵਜਾਣੀ ਅਰੰਭ ਦੇਂਦਾ ਹੈ। ਇਤਨੇ ਵਿਚ ਸਟੇਜ ਦੇ ਦੋਹਾਂ ਪਾਸਿਆਂ ਤੋਂ ਦੋ ਦੋ ਹੋਰ ਪੰਜਾਬੀ ਗਭਰੂ ਆ ਜਾਂਦੇ ਹਨ। ਆਪੋ ਵਿਚ ਜੱਫੀਆਂ ਪਾ ਕੇ ਮਿਲਦੇ ਹਨ। ਇਕ ਗਭਰੂ ਦੀ ਕੱਛ ਵਿਚ ਮੋਟੀ ਜਿਹੀ ਕਿਤਾਬ ਹੈ। ਉਹ ਸਾਰੇ ਬੈਠ ਜਾਂਦੇ ਹਨ। ਕਿਤਾਬ ਵਾਲਾ ਆਪਣੀ ਕਿਤਾਬ ਖੋਲ੍ਹਦਾ ਹੈ ਤੇ ਦੂਜਿਆਂ ਦੇ ਇਸ਼ਾਰੇ ਤੇ ਵਾਰਸ ਸ਼ਾਹ ਦੀ ਹੀਰ 'ਚੋਂ ਪੜ੍ਹਨਾ ਅਰੰਭ ਕਰਦਾ ਹੈ]

ਆਖ ਰਾਂਝਿਆ ਭਾ ਕੀ ਬਣੀ ਤੇਰੇ,
ਦੇਸ਼ ਬਾਪ ਦਾ ਛੱਡ ਸਿਧਾਰ ਨਾਂਹੀ।
ਵੀਰਾ, ਅੰਬੜੀ ਜਾਇਆ, ਜਾ ਨਾਂਹੀ,
ਸਾਨੂੰ ਨਾਲ ਫ਼ਰਾਕ ਦੇ ਮਾਰ ਨਾਂਹੀਂ।
ਇਹ ਭਾਬੀਆਂ ਅਸੀਂ ਹਾਂ ਵੀਰ ਤੇਰੇ,
ਕੋਈ ਹੋਰ ਵਿਚਾਰ ਵਿਚਾਰ ਨਾਂਹੀਂ।
ਬਖ਼ਸ਼ ਦੇਹ ਗੁਨਾਹ ਇਹ ਭਾਈਆਂ ਨੂੰ,

ਕੌਣ ਜੰਮਿਆਂ ਜੋ ਗੁਨਾਹ-ਗਾਰ ਨਾਂਹੀਂ ।
ਭਾਈਆਂ ਬਾਝ ਨਾ ਮਜਲਸਾਂ ਸੋਂਹਦੀਆਂ ਨੇ,
ਅਤੇ ਭਾਈਆਂ ਜੇਡ ਬਹਾਰ ਨਾਂਹੀਂ ।
ਭਾਈ ਮਰਨ ਤਾਂ ਪੈਂਦੀਆਂ ਭਜ ਬਾਂਹੀਂ,
ਬਿਨਾਂ ਭਾਈਆਂ ਭਰੇ ਪਰਵਾਰ ਨਾਂਹੀਂ ।
ਤਾਲਿਆਂਮੰਦ ਦੀਆਂ ਲੱਖ ਖੁਸ਼ਾਮਦਾਂ ਨੇ,
ਅਤੇ ਗ਼ਰੀਬ ਦਾ ਕੋਈ ਗ਼ਮਖ਼ਾਰ ਨਾਂਹੀਂ ।
ਲੱਖ ਓਟ ਹੈ ਕੋਲ ਵਸੰਦਿਆਂ ਦੀ,
ਭਾਈਆਂ ਬਾਝ ਕੋਈ ਬੇਲੀ ਯਾਰ ਨਾਂਹੀਂ ।
ਜਿਥੇ ਆਪ ਜਿਹੇ ਹੋਵਣ ਅੱਠ ਭਾਈ,
ਉਸ ਦੇ ਜੇਡ ਤਾਂ ਜੱਗ ਬਹਾਰ ਨਾਂਹੀਂ ।
ਵਾਰਸ ਸ਼ਾਹ ਮੀਆਂ ਬਿਨਾਂ ਭਾਈਆਂ ਦੇ,
ਸਾਨੂੰ ਜੀਵਣਾ ਜੱਗ ਦਰਕਾਰ ਨਾਂਹੀ ।

[ਹੀਰ ਖ਼ਤਮ ਹੋਣ ਉਤੇ ਉਹ ਫਿਰ ਇਕ ਦੂਜੇ ਨੂੰ ਮਿਲਦੇ ਹਨ ਤੇ ਫਿਰ ਮਿਲਣ ਦੇ ਇਸ਼ਾਰਿਆਂ ਵਿਚ ਇਕਰਾਰ ਕਰਦੇ ਵਿਛੜ ਜਾਂਦੇ ਹਨ । ਬੰਸਰੀ ਵਾਲਾ ਗਭਰੂ ਹੌਲੇ ਹੌਲੇ ਬੰਸਰੀ ਵਜਾਂਦਾ ਸਟੇਜ ਤੋਂ ਚਲਾ ਜਾਂਦਾ ਹੈ । ਸਟੇਜ ਤੋਂ ਜਾਣ ਦੇ ਮਗਰੋਂ ਬੰਸਰੀ ਦੀ ਆਵਾਜ਼ ਮੱਧਮ ਹੁੰਦੀ ਹੁੰਦੀ ਖ਼ਤਮ ਹੋ ਜਾਂਦੀ ਹੈ । ਆਵਾਜ਼ ਖ਼ਤਮ ਹੁੰਦਿਆਂ ਹੀ ਚਾਰ ਕੁੜੀਆਂ, ਦੋ ਸਜੇ ਪਾਸਿਓਂ, ਦੋ ਖੱਬੇ ਪਾਸਿਓਂ ਸਟੇਜ ਉਤੇ ਹੱਸਦੀਆਂ ਹੱਸਦੀਆਂ ਆ ਜਾਂਦੀਆਂ ਹਨ । ਦੋ ਕੁੜੀਆਂ ਇਸ ਗੀਤ ਨਾਲ ਕਿੱਕਲੀ ਪਾਂਦੀਆਂ ਹਨ ਤੇ ਦੂਜੀਆਂ ਨਾਲ ਬੋਲੀ ਜਾਂਦੀਆਂ ਹਨ]

ਕਿਕਲੀ ਕਲੀਰ ਦੀ,
ਰਾਤ ਭੈਣ ਹੀਰ ਦੀ ।
ਦਿਨ ਰਾਂਝੇ ਵੀਰ ਦਾ,
ਥਾਲ ਭਰਿਆ ਖੀਰ ਦਾ ।
ਕਾਲੀਆਂ ਤੇ ਬੂਰੀਆਂ,
ਘਿਓ ਦੀਆਂ ਚੂਰੀਆਂ ।
ਧਰਤੀ ਪੰਜਾਬ ਦੀ,

ਵਾਸ਼ਨਾਂ ਗੁਲਾਬ ਦੀ।
ਵਗਦੀਆਂ ਨੇ ਰਾਵੀਆਂ,
ਪੈਲੀਆਂ ਨੇ ਸਾਵੀਆਂ।
ਰਿੜਕਣੇ ਮਧਾਣੀਆਂ,
ਬੋਲੀਆਂ ਇਹ ਪਾਣੀਆਂ।

[ਏਥੇ ਆ ਕੇ ਕਿਕਲੀ ਪਾਣ ਵਾਲੀਆਂ ਕਿਕਲੀ ਬੰਦ ਕਰ ਦੇਂਦੀਆਂ ਹਨ ਤੇ ਖਲੋਤੀਆਂ ਦੋਵੇਂ ਕੁੜੀਆਂ ਗਿੱਧਾ ਪਾਣਾ ਸ਼ੁਰੂ ਕਰ ਦੇਂਦੀਆਂ ਹਨ]

ਪਹਿਲੀ ਬੋਲੀ – ਦੁਧ ਰਿੜਕੇ ਕੰਗਣਾਂ ਵਾਲੀ,
ਬਈ ਕੈਂਠੇ ਵਾਲਾ ਧਾਰ ਕਢਦਾ।
ਦੂਜੀ ਬੋਲੀ – ਤੇਰੇ ਬੋਤੇ ਦੀ ਮੁਹਾਰ ਬਣ ਜਾਵਾਂ;
ਸੋਨੇ ਦੇ ਤਵੀਤਾਂ ਵਾਲਿਆ।
ਤੀਜੀ ਬੋਲੀ – ਓਥੇ ਲੈ ਚਲ ਚਰਖਾ ਮੇਰਾ,
ਜਿਥੇ ਤੇਰਾ ਹਲ ਵਗਦਾ।
ਚੌਥੀ ਬੋਲੀ – ਮੈਂ ਖੰਡ ਦਾ ਪਲੇਥਣ ਲਾਵਾਂ,
ਵੀਰ ਤੇਰੇ ਫੁਲਕੇ ਨੂੰ।

[ਕੁੜੀਆਂ ਦੇ ਗਿੱਧੇ ਵਿਚ ਹੀ ਚਾਰ ਪੰਜਾਬੀ ਗਭਰੂ ਨਚਦੇ ਨਚਦੇ ਉਨ੍ਹਾਂ ਨਾਲ ਸ਼ਾਮਲ ਹੋ ਜਾਂਦੇ ਹਨ। ਇਕ ਗਭਰੂ ਦੇ ਗਲ ਵਿਚ ਢੋਲਕੀ ਹੈ। ਢੋਲਕੀ ਵਾਲਾ ਗਭਰੂ ਇਹ ਬੋਲੀ ਪਾਂਦਾ ਹੈ]

ਨਚਦੇ ਪੈਰ ਜ਼ਿਮੀਂ ਤੇ ਸਾਡੇ, ਅਰਸ਼ੀਂ ਨੱਚਦੇ ਤਾਰੇ,
ਧਰਤੀ ਵੀ ਅੰਬਰ ਵਲ ਉਲਰੇ, ਜਦ ਕੋਈ ਬਾਂਹ ਉਲਾਰੇ।
ਵੰਗਾਂ ਦੀ ਛਣ ਛਣ ਦੇ ਵਿਚ, ਰਾਗ ਨਿਕਲਦੇ ਸਾਰੇ,
ਕਿਹੜਾ ਛੂਹ ਸਕਦੈ ਇਹ ਦੱਗਦੇ ਅੰਗਿਆਰੇ।

[ਨਾਚ ਦੀ ਲੈਅ ਤੇਜ਼ ਹੋ ਜਾਂਦੀ ਹੈ ਤੇ ਖ਼ਤਮ ਹੋਣ ਉਤੇ ਕੁੜੀਆਂ 'ਚੋਂ ਇਕ ਕੁੜੀ ਅਗਾਂਹ ਵਧ ਕੇ ਇਹ ਬੋਲੀ ਪਾਂਦੀ ਹੈ]

ਅਸੀਂ ਪੰਜਾਬ ਦੀਆਂ ਮੁਟਿਆਰਾਂ,
ਗਭਰੂ ਛੈਲ ਛਬੀਲੇ।
ਵੈਰੀ ਦੇ ਲਈ ਨਾਗ ਜ਼ਹਿਰੀਲੇ,
ਕੌਣ ਮਦਾਰੀ ਕੀਲੇ।

ਸਾਡੀਆਂ ਚੜ੍ਹਤਾਂ ਮੂਹਰੇ ਹੁੰਦੇ,
ਮੂੰਹ ਦਰਿਆਂ ਦੇ ਪੀਲੇ।
ਕੀਕੂੰ ਰੋਕਣਗੇ,
ਤੂਫ਼ਾਨਾਂ ਨੂੰ ਤੀਲੇ, ਕੀਕੂੰ ਰੋਕਣਗੇ... ...

[ਨਾਚ ਦੀ ਲੈਅ ਤੇਜ਼ ਹੁੰਦੀ ਜਾਂਦੀ ਹੈ ਕਿ ਇਤਨੇ ਵਿਚ ਸਟੇਜ ਦੇ ਮਗਰੋਂ ਜ਼ੋਰ ਨਾਲ ਥਾਲ ਖੜਕਣ ਦੀ ਤੇ ਨਾਲ ਹੀ ਗੋਲੀ ਚਲਣ ਦੀ ਆਵਾਜ਼ ਆਉਂਦੀ ਹੈ। ਸਟੇਜ ਉਤੇ ਰੋਸ਼ਨੀ ਬੰਦ ਤੇ ਨਾਚ ਟੁਟ ਜਾਂਦਾ ਹੈ। ਕੁੜੀਆਂ ਤੇ ਗਭਰੂ ਖਿੰਡ ਪੁੰਡ ਜਾਂਦੇ ਹਨ। ਸਫ਼ੈਦ ਪਰਦੇ ਉਤੇ ਅੰਗਰੇਜ਼ ਫ਼ੌਜੀ ਮਾਰਚ ਕਰਦੇ ਵਿਖਾਈ ਦੇਂਦੇ ਹਨ ਤੇ ਨਾਲ ਹੀ ਤੋਪ ਚਲਣ ਦੀ ਆਵਾਜ਼ ਆਉਂਦੀ ਹੈ। ਪਰਦੇ ਦੇ ਮਗਰੋਂ ਆਵਾਜ਼ ਉਭਰਦੀ ਹੈ ਤੇ ਪਰਦੇ ਉਤੇ ਇਕ ਅੰਗਰੇਜ਼ ਤੇ ਇਕ ਸਿੰਘ ਸਰਦਾਰ ਦੇ ਪਰਛਾਵੇਂ ਆਪੋ ਵਿਚ ਲੜਦੇ ਵਿਖਾਈ ਦੇਂਦੇ ਹਨ]

ਪਰਦੇ ਦੇ ਮਗਰੋਂ ਆਵਾਜ਼ –

ਆਈਆਂ ਪਲਟਣਾਂ ਬੀੜ ਕੇ ਤੋਪ-ਖ਼ਾਨੇ,
ਅਗੋਂ ਸਿੰਘਾਂ ਨੇ ਪਾਸੜੇ ਮੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਗ ਨਿੰਬੂਆਂ ਲਹੂ ਨਚੋੜ ਸੁੱਟੇ।

[ਅੰਗਰੇਜ਼ ਦਾ ਪਰਛਾਵਾਂ ਪਿਛਾਂਹ ਪਿਛਾਂਹ ਹਟਦਾ ਜਾਂਦਾ ਹੈ ਤੇ ਸਟੇਜ ਉਤੇ ਪੂਰੀ ਰੋਸ਼ਨੀ ਹੋ ਜਾਂਦੀ ਹੈ। ਅੰਗਰੇਜ਼ ਸਟੇਜ ਉਤੇ ਘਾਬਰਿਆ ਹੋਇਆ ਆਉਂਦਾ ਹੈ ਤੇ ਏਧਰ ਉਧਰ ਫਿਰਦਾ ਤੇ ਅੰਗਰੇਜ਼ੀ ਵਿਚ ਕੁਝ ਕਹਿੰਦਾ ਹੈ ਤੇ ਫਿਰ ਇਰਾਦਾ ਕਰ ਕੇ ਲੜਨ ਲਈ ਜਾਂਦਾ ਹੈ। ਰੋਸ਼ਨੀਂ ਬੰਦ ਤੇ ਪਰਦੇ ਉਤੇ ਅੰਗਰੇਜ਼ ਤੇ ਸਿੰਘਾਂ ਦੇ ਪਰਛਾਵੇਂ ਲੜਦੇ ਹਨ ਤੇ ਪਰਦੇ ਦੇ ਮਗਰੋਂ ਆਵਾਜ਼ ਉਭਰਦੀ ਹੈ]

ਪਿਛੋਂ ਆਪ ਫ਼ਰੰਗੀ ਨੂੰ ਭਾਜ ਆਈ,
ਭਜੇ ਜਾਣ ਗੋਰੇ ਦਿੱਤੀ ਕੰਡ ਮੀਆਂ।
ਸ਼ਾਹ ਮੁਹੰਮਦਾ ਵੇਖ ਪੰਜਾਬ ਜਾ ਕੇ,
ਰੁਲਦੀ ਗੋਰਿਆਂ ਦੀ ਪਈ ਝੰਡ ਮੀਆਂ।

[ਦੂਜੀ ਵਾਰ ਫਿਰ ਅੰਗਰੇਜ਼ ਦਾ ਪਰਛਾਵਾਂ ਪਿਛਾਂਹ ਪਿਛਾਂਹ

ਹਟਦਾ ਜਾਂਦਾ ਹੈ। ਰੌਸ਼ਨੀ ਪੂਰੀ। ਫਿਰ ਅੰਗਰੇਜ਼ ਘਾਬਰਿਆ ਹੋਇਆ ਸਟੇਜ ਉਤੇ ਆ ਜਾਂਦਾ ਹੈ। ਏਧਰ ਉਧਰ ਫਿਰਦਾ ਹੈ। ਏਨੇ ਚਿਰ ਵਿਚ ਫਿਰ ਸਟੇਜ ਦੇ ਮਗਰੋਂ ਆਵਾਜ਼ ਉਭਰਦੀ ਹੈ ਤੇ ਇਕ ਸਿੰਘ ਸਰਦਾਰ ਡਰਦਾ ਡਰਦਾ ਪਿਛਾਂਹ ਵੇਖਦਾ ਸਟੇਜ ਉਤੇ ਆਉਂਦਾ ਹੈ ਤੇ ਅੰਗ੍ਰੇਜ਼ ਦੇ ਕੰਨ ਵਿਚ ਕੁਝ ਆਖਦਾ ਹੈ]

ਸਟੇਜ ਦੇ ਮਗਰੋਂ ਆਵਾਜ਼ –

ਪਹਾੜਾ ਸਿੰਘ ਸੀ ਯਾਰ ਫ਼ਰੰਗੀਆਂ ਦਾ,
ਸਿੰਘਾਂ ਨਾਲ ਸੀ ਓਸ ਦੀ ਗ਼ੈਰ-ਸਾਲੀ।
ਉਹ ਤਾਂ ਭਜ ਕੇ ਲਾਟ ਨੂੰ ਜਾ ਮਿਲਿਆ,
ਗਲ ਜਾ ਦਸੀ ਸਾਰੀ ਭੇਦ ਵਾਲੀ।
ਇਥੋਂ ਹਰਨ ਹੋ ਗਿਆ ਹੈ ਖ਼ਾਲਸਾ ਜੀ,
ਚੌਦਾਂ ਹਥਾਂ ਦੀ ਮਾਰ ਕੇ ਜਾਣ ਛਾਲੀ।
ਸ਼ਾਹ ਮੁਹੰਮਦਾ ਨਾਲ ਲੈ ਮਿਲੇ ਖ਼ਾਨੇ,
ਛੱਡ ਗਏ ਨੇ ਸਿੰਘ ਮੈਦਾਨ ਖ਼ਾਲੀ।

[ਅੰਗਰੇਜ਼ ਬਹੁਤ ਖ਼ੁਸ਼ ਹੁੰਦਾ ਹੈ,ਸਿੰਘ ਸਰਦਾਰ ਨੂੰ ਬੜੀ ਚੰਗੀ ਤਰ੍ਹਾਂ ਮਿਲਦਾ ਹੈ ਤੇ ਦੋਵੇਂ ਸਟੇਜ ਤੋਂ ਹਸਦੇ ਹਸਦੇ ਚਲੇ ਜਾਂਦੇ ਹਨ। ਰੌਸ਼ਨੀ ਬੰਦ। ਫਿਰ ਅੰਗਰੇਜ਼ ਤੇ ਸਿੰਘ ਸਰਦਾਰ ਦੇ ਪਰਛਾਵੇਂ ਪਰਦੇ ਉਤੇ ਲੜਦੇ ਹਨ ਤੇ ਪਰਦੇ ਪਿਛੋਂ ਆਵਾਜ਼ ਉਭਰਦੀ ਹੈ]

ਜੰਗ ਹਿੰਦ ਪੰਜਾਬ ਦਾ ਹੋਣ ਲਗਾ,
ਦੋਵੇਂ ਬਾਦਸ਼ਾਹੀ ਫ਼ੌਜਾਂ ਭਾਰੀਆਂ ਨੇ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫ਼ੌਜਾਂ ਜਿਤ ਕੇ ਅੰਤ ਨੂੰ ਹਾਰੀਆਂ ਨੇ।

[ਸਿੰਘ ਸਰਦਾਰ ਪਿਛਾਂਹ ਹਟਦਾ ਹਟਦਾ ਡਿਗ ਪੈਂਦਾ ਹੈ ਤੇ ਅੰਗਰੇਜ਼ ਦਾ ਪਰਛਾਵਾਂ ਤਲਵਾਰ ਦੀ ਨੋਕ ਸਿੰਘ ਸਰਦਾਰ ਦੀ ਛਾਤੀ ਉਤੇ ਧਰ ਦੇਂਦਾ ਹੈ। ਸਟੇਜ ਉਤੇ ਪੂਰੀ ਰੌਸ਼ਨੀ, ਅੰਗਰੇਜ਼ ਤੇ ਉਸ ਦੇ ਨਾਲ ਉਸਦਾ ਇਕ ਟਾਊਟ ਯੂਨੀਅਨ ਜੈਕ ਚੁਕੀ ਸਟੇਜ ਉਤੇ ਆਉਂਦੇ ਹਨ ਤੇ ਯੂਨੀਅਨ ਜੈਕ ਗਡ ਦੇਂਦੇ ਹਨ। ਇਤਨੇ ਵਿਚ ਪਹਾੜਾ ਸਿੰਘ ਵੀ ਸਟੇਜ ਉਤੇ ਹਸਦਾ ਹਸਦਾ ਆ ਜਾਂਦਾ ਹੈ। ਅੰਗਰੇਜ਼ ਥਾਲੀ ਵਿਚ ਸਿਰੋਪਾ ਦੇ ਦੇਂਦਾ ਹੈ ਤੇ ਪਰਦੇ ਦੇ ਮਗਰੋਂ ਆਵਾਜ਼ ਉਭਰਦੀ ਹੈ :]

ਜੰਗ ਦੇ ਸਮੇਂ ਗ਼ਦਾਰਾਂ ਨੇ ਪਿਠ ਦੇ ਕੇ,
ਸਾਥ ਜਦੋਂ ਪੰਜਾਬ ਦਾ ਛਡ ਦਿੱਤਾ।
ਉਦੋਂ ਸੁਹਣੇ ਪੰਜਾਬ ਦੀ ਹਿੱਕ ਉਤੇ,
ਅਪਣਾ ਝੰਡਾ ਫ਼ਰੰਗੀਆਂ ਗੱਡ ਦਿਤਾ।

(ਪਰਦਾ ਡਿਗਦਾ ਹੈ)

## • ਦੂਜੀ ਝਾਕੀ •

( ਸਟੇਜ ਉਤੇ ਪੰਜਾਬੀ ਮੁਟਿਆਰਾਂ ਤੇ ਗਭਰੂ ਪਾਟੇ ਪੁਰਾਣੇ ਕਪੜਿਆਂ ਵਿੱਚ, ਆਪਣੇ ਆਪਣੇ ਕੰਮਾਂ ਵਿਚ ਰੁਝੇ ਹੋਏ ਹਨ। ਦੋ ਗਭਰੂ ਕਿਸਾਨ ਰਸਾ ਵਟ ਰਹੇ ਹਨ। ਦੋ ਲਕੜ ਚੀਰ ਰਹੇ ਹਨ। ਇਕ ਮੁਟਿਆਰ ਚੱਕੀ ਪੀਹ ਰਹੀ ਹੈ ਤੇ ਇਕ ਕਪੜਾ ਸਿਊਂ ਰਹੀ ਹੈ। ਸਾਰੇ ਮਿਲ ਕੇ ਇਹ ਗੀਤ ਗਾਂਦੇ ਹਨ ... ... ...]

ਸਾਰੇ — ਸੁਣਿਓਂ ਵੇ ਹੋਕਾ, ਅਜ ਹਾਲ ਅਵਾਮਾਂ ਦਾ,
ਜਿਹੜੀ ਸਾਡੇ ਨਾਲ ਕੀਤੀ ਏ ਗੋਰੇ
ਬੁਰਾ ਜੀਣ ਗ਼ੁਲਾਮਾਂ ਦਾ।
ਕਿਸਾਨ — ਅਸੀਂ ਫ਼ਸਲਾਂ ਉਗਾਂਦੇ ਹਾਂ ਮਰ ਕੇ,
ਗੋਰਾ ਪਿੜ ਹੂੰਝ ਖੜੇ, ਘਰ ਆਪਣੇ ਨੂੰ ਗਡੀਆਂ ਭਰ ਕੇ।
ਸਾਰੇ — ਸੁਣਿਓਂ ਵੇ ਹੋਕਾ ... ... ...
ਮਜ਼ਦੂਰ — ਸਾਡੇ ਹਥਾਂ ਵਿਚ ਹੋਂਦੀਆਂ ਮਜੂਰੀਆਂ,
ਘੇੜਿਆਂ ਨੇ ਖੋਹ ਵੇ ਲਈਆਂ, ਸਾਥੋਂ ਹੀਰਾਂ ਸਣੇ ਅਜ ਚੂਰੀਆਂ।
ਸਾਰੇ — ਸੁਣਿਓਂ ਵੇ ਹੋਕਾ ... ...
ਕੁੜੀਆਂ — ਸਾਡੇ ਗਲਾਂ ਵਿਚੋਂ ਨੇ ਲਥੀਆਂ ਹਮੇਲਾਂ,
ਗੋਰਿਆਂ ਦੇ ਰਾਜ ਸਾਨੂੰ ਕੀਤਾ, ਜਿਉਂ ਕੁਮਲਾਈਆਂ ਵੇਲਾਂ।
ਸਾਰੇ — ਅਸੀਂ ਪਾਣੀ ਹਾਂ ਪੰਜ ਦਰਿਆਂ ਦੇ,
ਬੁਲ੍ਹ ਸਾਡੇ ਸੁੱਕ ਵੇ ਗਏ, ਪਏ ਰੋਂਦੇ ਨੇ ਪਤਣ ਝਨਾਂ ਦੇ।

(ਸਾਰੇ ਇਹ ਗੀਤ ਗਾਂਦੇ ਗਾਂਦੇ ਨਿਰਾਸ ਹੋ ਕੇ ਬਹਿ ਜਾਂਦੇ ਹਨ। ਇਤਨੇ ਵਿਚ ਇਕ ਪੰਜਾਬੀ ਗਭਰੂ ਸਟੇਜ ਉਤੇ ਆਉਂਦਾ ਹੈ ਤੇ ਸਾਰਿਆਂ ਵਲ ਧਿਆਨ ਮਾਰ ਕੇ ਇਸ ਗੀਤ ਰਾਹੀਂ ਵੰਗਾਰਦਾ ਹੈ )

ਤੁਹਾਨੂੰ ਹੋਇਆ ਕੀ ਪੰਜਾਬੀਓ, ਕਾਹਨੂੰ ਬੈਠੇ ਓ ਢੇਰੀਆਂ ਢਾਹ !
ਹੋ ਕੇ ਤਾਰੂ ਪੰਜ ਦਰਿਆਂ ਦੇ, ਰਹੇ ਕੰਢੇ ਤੇ ਗੋਤੇ ਖਾ !
ਕਿਉਂ ਢਿਲੇ ਪੇਚ ਨੇ ਪਗ ਦੇ , ਕਿਉਂ ਲਹਿ ਗਿਆ ਮੁੱਛ ਦਾ ਤਾ !
ਕਿਉਂ ਅਣਖਾਂ ਧੌਣਾਂ ਸੁਟੀਆਂ, ਕਿਉਂ ਅਣਖ ਗਈ ਕੁਮਲਾ !
ਤੂੰ ਉਠ ਕਿਸਾਨਾਂ ਸੁਤਿਆ, ਰਤਾ ਆਪਣੀ ਸਲੰਘ ਉਠਾ ,
ਤੂੰ ਭੈਣੇ ਗੋਰੇ ਪੀਹਣ ਲਈ, ਰਤਾ ਚਕੀ ਹੋਰ ਭੁਆ ।
ਮਜ਼ਦੂਰਾ ਜ਼ੁਲਮ ਦੇ ਮੁਢ ਤੇ, ਰਤਾ ਆਰਾ ਹੋਰ ਚਲਾ ,
ਤਾਂ ਜੋ ਸੁਕੇ ਪੰਜ ਦਰਿਆਂ ਵਿਚ, ਫਿਰ ਪਾਣੀ ਜਾਵੇ ਆ ।

(ਇਹ ਗੀਤ ਸੁਣਦਿਆਂ ਹੀ ਢੇਰੀਆਂ ਢਾਹ ਕੇ ਬੈਠੇ ਗਭਰੂ ਤੇ ਮੁਟਿਆਰਾਂ ਏਦਾਂ ਉਠ ਬੈਠਦੇ ਹਨ ਜਿਵੇਂ ਉਹਨਾਂ ਵਿਚ ਜ਼ੋਰ ਆ ਗਿਆ ਹੋਵੇ । ਉਹ ਸਾਰੇ ਮਿਲ ਕੇ ਇਹ ਗੀਤ ਗਾਂਦੇ ਹਨ ਤੇ ਇਸ ਦੇ ਅਨੁਸਾਰ ਕਾਰਜ ਕਰਦੇ ਹਨ)

ਸਾਰੇ – ਜਾਗਿਆ ਪੰਜਾਬ ਤੇ ਕਿਸਾਨ ਜਾਗ ਪਏ ।
ਬਚੇ ਬੁਢੇ ਤੀਂਵੀਆਂ ਜਵਾਨ ਜਾਗ ਪਏ ।

ਇਕ ਕਿਸਾਨ – ਡਿਗੇ ਹੋਏ ਇਰਾਦਿਆਂ ਨੇ ਛੱਤੇ ਚੁਕ ਲਏ,
ਪੰਜਾਂ ਦਰਿਆਵਾਂ ਦੇ ਵੀ ਹੰਝੂ ਸੁਕ ਗਏ ।
ਲਹਿਰਾਂ ਵਿਚੋਂ ਸੁਤੇ ਹੋਏ ਤੂਫਾਨ ਜਾਗ ਪਏ ।
ਜਾਗਿਆ ਪੰਜਾਬ ਤੇ ਕਿਸਾਨ ਜਾਗ ਪਏ । ... ...

ਇਕ ਔਰਤ – ਕੁਖਾਂ ਵਿਚੋਂ ਭੁਖਾਂ ਨੇ ਵੀ ਅਖਾਂ ਮਲੀਆਂ,
ਥਾਂ ਥਾਂ ਤੇ ਆਜ਼ਾਦੀ ਦੀਆਂ ਜੋਤਾਂ ਬਲੀਆਂ ।
ਆਉਂਦੀਆਂ ਸਵੇਰਾਂ ਦੇ ਨਿਸ਼ਾਨ ਜਾਗ ਪਏ.
ਜਾਗਿਆ ਪੰਜਾਬ ਤੇ ਕਿਸਾਨ ਜਾਗ ਪਏ ।

ਮਰਦ – ਕੂਕਿਆਂ ਬਗ਼ਾਵਤਾਂ ਦਾ ਨਾਦ ਫੂਕਿਆ,
ਲੀਰਾਂ ਵਿਚੋਂ ਗ਼ੈਰਤਾਂ ਦਾ ਨਾਗ ਸ਼ੂਕਿਆ,
ਲਾਸ਼ਾਂ ਵਿਚੋਂ ਉਂਘਦੇ ਪਰਾਨ ਜਾਗ ਪਏ,
ਜਾਗਿਆ ਪੰਜਾਬ ਤੇ ਕਿਸਾਨ ਜਾਗ ਪਏ । ... ... ...

ਸਾਰੇ – ਦੇਸੋਂ ਬਾਹਰ ਰਹਿਣ ਵਾਲੇ ਆਏ ਨਠ ਕੇ ।
ਗੋਰਿਆਂ ਦੇ ਮੂਹਰੇ ਆ ਖਲੋਤੇ ਡਟ ਕੇ ।
ਗੋਰੀਆਂ ਜ਼ੰਜੀਰਾਂ ਲਈ ਵਦਾਨ ਜਾਗ ਪਏ.
ਜਾਗਿਆ ਪੰਜਾਬ ਤੇ ਕਿਸਾਨ ਜਾਗ ਪਏ । ... ... ...

(ਸਾਰੇ ਸਟੇਜ ਤੋਂ ਗਾਂਦੇ ਗਾਂਦੇ ਚਲੇ ਜਾਂਦੇ ਹਨ। ਝਟ ਇਕ ਅੰਗਰੇਜ਼ ਆਪਣੇ ਏਜੰਟ ਨਾਲ ਸਟੇਜ ਉਤੇ ਇਹ ਗੀਤ ਗਾਂਦਾ ਹੈ]

ਮੈਂ ਇੰਗਲਿਸਤਾਨੀ ਗੋਰਾ, ਪਰ ਹਾਕਮ ਹਾਂ ਪੰਜਾਬ ਦਾ,
ਮੈਂ ਬਣ ਕੇ ਆਇਆ ਲੋਕੋ, ਹਾਂ ਨੌਕਰ ਧੁਰੋਂ ਜਨਾਬ ਦਾ।
ਮੈਂ ਆਇਆ ਤੇ ਟਹਿਕ ਪਿਆ ਹੈ ਹਰ ਇਕ ਫੇਰ ਪੰਜਾਬੀ।
ਕੋਈ ਇਹਨਾਂ ਨੂੰ ਲੁਟ ਨਹੀਂ ਸਕਦਾ, ਮੇਰੇ ਹਥ ਹੈ ਚਾਬੀ।
ਅੱਜ ਹੈ ਪੀਲਿਆਂ ਮੂੰਹਿਆਂ ਉਤੇ ਚੜ੍ਹਿਆ ਰੰਗ ਗੁਲਾਬ ਦਾ।
ਮੈਂ ਇੰਗਲਿਸਤਾਨੀ ਗੋਰਾ, ਪਰ ਹਾਕਮ ਹਾਂ ਪੰਜਾਬ ਦਾ।... ... ...
ਮੈਂ ਆਇਆ ਤੇ ਵਿਦਿਆ ਆਈ, ਖੋਲ੍ਹੇ ਕਈ ਮਦਰਸੇ,
ਜੋ ਵਿਦਿਆ ਦੇ ਵੈਰੀ ਪਾਏ, ਉਹਨਾਂ ਦੇ ਗਲ ਰਸੇ।
ਅਨਪੜ੍ਹ ਜਾਹਲਾਂ ਤਾਂਈਂ ਵਿਖਾਇਆ ਮੈਂ ਹੀ ਮੂੰਹ ਕਿਤਾਬ ਦਾ।......
ਭੁਖਿਆਂ ਅਤੇ ਗ਼ਰੀਬਾਂ ਨੂੰ ਮੈਂ ਵੰਡੀਆਂ ਕਈ ਜਾਗੀਰਾਂ,
ਘਰ ਘਰ ਅੰਦਰ ਟੰਗੀਆਂ ਹੋਈਆਂ ਮੇਰੀਆਂ ਨੇ ਤਸਵੀਰਾਂ।
ਮੈਂ ਏਸ ਖ਼ੁਸ਼ੀ ਵਿਚ ਵੇਖੋ, ਪੀਂਦਾ ਹਾਂ ਜਾਮ ਸ਼ਰਾਬ ਦਾ।......

[ਉਹ ਦੋਵੇਂ ਗਾਂਦੇ ਗਾਂਦੇ ਸਟੇਜ ਤੋਂ ਚਲੇ ਜਾਂਦੇ ਹਨ]

[ਇਤਨੇ ਵਿਚ ਇਕ ਪਾਸਿਓਂ ਤਿੰਨ ਰੰਗਾ ਝੰਡਾ ਪਕੜੀ ਤਿੰਨ ਪੰਜਾਬੀ ਗਭਰੂ ਤੇ ਤਿੰਨ ਪੰਜਾਬੀ ਮੁਟਿਆਰਾਂ ਇਹ ਗੀਤ ਗਾਂਦੇ ਸਟੇਜ ਉਤੇ ਆ ਜਾਂਦੇ ਹਨ]

ਇਨਕਲਾਬ ਜ਼ਿੰਦਾ ਬਾਦ,
ਇਨਕਲਾਬ ਜ਼ਿੰਦਾ ਬਾਦ।
ਕਰਕੇ ਰਹਿਣਾ ਹੈ ਹੁਣ ਆਪਣਾ,
ਸੁਹਣਾ ਦੇਸ਼ ਆਜ਼ਾਦ।
ਜਾਗ ਪਈ ਦਾਤੀ ਦੀ ਗ਼ੈਰਤ,
ਲੈ ਕੇ ਇਕ ਅੰਗੜਾਈ।
ਗੋਰੀ ਦੀ ਵੀਣੀਂ ਬਣ ਮੁੱਕਾ,
ਵਾ ਦੇ ਵਿਚ ਲਹਿਰਾਈ।
ਭਬਕ ਪਈ ਸ਼ੇਰਾਂ ਦੇ ਵਾਂਗੂੰ,
ਬੁਲ੍ਹੀਆਂ ਦੀ ਫ਼ਰਯਾਦ।
ਇਨਕਲਾਬ, ਜ਼ਿੰਦਾ ਬਾਦ,
ਇਨਕਲਾਬ, ਜ਼ਿੰਦਾ ਬਾਦ।... ... ...

ਛਲਕ ਪਿਆ ਕੰਢਿਆਂ ਦੇ ਉਤੇਂ,
ਪੰਜ ਦਰਿਆਂ ਦਾ ਪਾਣੀ।
ਜਿਨ ਅੰਗਰੇਜ਼ੀ ਰਾਜ ਦੀ ਬੇੜੀ,
ਡੁਬਦੇ ਡੋਬ ਵਿਖਾਣੀ।
ਇਕ ਇਕ ਲਹਿਰ ਲਿਖੇਗੀ ਏਥੇ,
ਹੁਣ ਤੋਂ ਨਵੀਂ ਕਹਾਣੀ।
ਹੋ ਜਾਣੇ ਨੇ ਬੇ-ਹਥਿਆਰੇ ਲਹੂ-ਪੀਣੇ ਜੱਲਾਦ।
ਇਨਕਲਾਬ, ਜ਼ਿੰਦਾ ਬਾਦ, ... ... ...

[ਇਤਨੇ ਵਿਚ ਇਕ ਅੰਗਰੇਜ਼ ਅਫ਼ਸਰ ਸਟੇਜ ਉਤੇ ਪੁਲਸ ਨੂੰ ਨਾਲ ਲੈ ਕੇ ਆਉਂਦਾ ਹੈ ਅਤੇ ਦੋ ਇਨਕਲਾਬੀ ਆਗੂਆਂ ਨੂੰ ਫੜ ਕੇ ਲੈ ਜਾਂਦਾ ਹੈ। ਸਟੇਜ ਤੋਂ ਰੌਸ਼ਨੀ ਬੰਦ, ਪਰਦੇ ਉਤੇ ਪਰਛਾਵੇਂ, ਸਿਪਾਹੀ ਬੈਂਤਾਂ ਨਾਲ ਦੇਸ਼ ਭਗਤ ਆਗੂਆਂ ਨੂੰ ਕੁਟਦੇ ਵਿਖਾਈ ਦੇਂਦੇ ਹਨ ਤੇ ਨਾਲ ਹੀ ਇਹ ਗਾਣਾ ਉਭਰਦਾ ਹੈ ... ... ...

ਇਕ ਇਕ ਬੈਂਤ ਸਾਡੇ ਤਨ ਤੇ,
ਜਿਉਂ ਜਿਉਂ ਪਾਵੇ ਲਾਸਾਂ।
ਤਿਉਂ ਤਿਉਂ ਹੋਰ ਵਧੇਰੇ ਹੋਵਣ,
ਆਜ਼ਾਦੀ ਦੀਆਂ ਆਸਾਂ।
ਲਾਸਾਂ ਚੋਂ ਲਹੂ ਸਿਮ ਸਿਮ ਕਰਦਾ,
ਸਾਡੀਆਂ ਦੂਰ ਪਿਆਸਾਂ।
ਸਾਡੇ ਗੁਸੇ ਦੀ ਅੱਗ ਉਤੇ ਢਲ ਜਾਵੇ ਫ਼ੌਲਾਦ,
ਇਨਕਲਾਬ, ਜ਼ਿੰਦਾ ਬਾਦ ... ... ... ...

[ਸਟੇਜ ਉਤੇ ਰੌਸ਼ਨੀ – ਸਿਪਾਹੀ ਉਹਨਾਂ ਦੇਸ਼ ਭਗਤ ਆਗੂਆਂ ਨੂੰ ਫੜ ਕੇ ਸਟੇਜ ਉਤੇ ਲੈ ਆਉਂਦੇ ਹਨ। ਅੰਗਰੇਜ਼ ਇਕ ਕਾਗ਼ਜ਼ ਤੇ ਪੈਨ ਦੇ ਕੇ ਇਕ ਆਗੂ ਨੂੰ ਦਸਖ਼ਤ ਕਰਨ ਲਈ ਦੇਂਦਾ ਹੈ। ਆਗੂ ਉਸ ਨੂੰ ਪੜ੍ਹ ਕੇ ਕਹਿੰਦਾ ਹੈ :]

ਇਸ ਕਾਗ਼ਜ਼ ਤੇ ਦਸਖ਼ਤ ਕਰ ਕੇ,
ਮੈਂ ਕਿਉਂ ਕਰਾਂ ਗ਼ੱਦਾਰੀ,
ਇਸ ਕਾਗ਼ਜ਼ ਦੇ ਬਦਲੇ ਵੇਚਾਂ,
ਅਣਖਾਂ ਦੀ ਮਰਦਾਰੀ।

ਹਾਸੇ ਵੇਚਾਂ ਮੁਟਿਆਰਾਂ ਦੇ,
ਸੁਬਰ ਤੇ ਫੁਲਕਾਰੀ।
ਮੈਂ ਹੋਵਾਂ ਬਰਬਾਦ, ਵਤਨ ਪਰ ਹੋ ਜਾਵੇ ਆਜ਼ਾਦ।
ਇਨਕਲਾਬ, ਜ਼ਿੰਦਾਬਾਦ ...... ...... ......

[ਸਿਪਾਹੀ ਮਾਰਦੇ ਹਨ ਤੇ ਪਰਦਾ ਡਿਗਦਾ ਹੈ]

## • ਤੀਜੀ ਝਾਕੀ •

[ਸਟੇਜ ਉਤੇ ਇਕ ਉਦਾਸ ਤੇ ਨਿੰਮੋਝੂਣ ਅੰਗਰੇਜ਼ ਆਉਂਦਾ ਹੈ। ਪਰਦੇ ਪਿਛੋਂ ਉਭਰਦੇ ਗੀਤ ਅਨੁਸਾਰ ਕਾਰਜ ਕਰਦਾ ਹੈ)

ਪਰਦੇ ਪਿਛੋਂ ਆਵਾਜ਼ :—

ਪਹਿਲੀ ਜੰਗ ਦੇ ਛਿੜਦਿਆਂ ਜਰਮਨਾਂ ਦੇ,
ਗੋਲੇ ਜਦੋਂ ਇੰਗਲੈਂਡ ਤੇ ਢਹਿਣ ਲਗੇ।
ਢਹਿਣ ਲਗੇ ਇੰਗਲੈਂਡ ਦੇ ਮਹਿਲ ਓਧਰ,
ਡੋਬੂ ਏਧਰ ਅੰਗਰੇਜ਼ ਨੂੰ ਪੈਣ ਲਗੇ।

[ਸਟੇਜ ਉਤੇ ਤਿੰਨ ਪੰਜਾਬੀ ਗਭਰੂ ਪਰਵੇਸ਼ ਕਰਦੇ ਹਨ ਅਤੇ ਅੰਗਰੇਜ਼ ਉਹਨਾਂ ਦੀਆਂ ਮਿੰਨਤਾਂ ਕਰਦਾ ਹੈ]

ਹਾਕਮ ਹਿੰਦ ਦੇ ਵਾਂਗ ਨਿਮਾਣਿਆਂ ਦੇ,
ਹਿੰਦ-ਵਾਸੀਆਂ ਨੂੰ ਏਦਾਂ ਕਹਿਣ ਲਗੇ :
"ਮਦਦ ਕਰੋ ਸਾਡੀ ਜੇਕਰ ਏਸ ਵੇਲੇ,
ਉਕਾ ਹਿੰਦ ਵਿਚ ਅਸੀਂ ਨਹੀਂ ਰਹਿਣ ਲਗੇ।

[ਪੰਜਾਬੀ ਅੰਗਰੇਜ਼ ਦੀ ਗਲ ਤੇ ਇਤਬਾਰ ਕਰ ਕੇ ਫ਼ੌਜ ਵਿਚ ਭਰਤੀ ਹੋਣ ਲਈ ਤਿਆਰ ਹੋ ਜਾਂਦੇ ਹਨ। ਅੰਗਰੇਜ਼ ਉਹਨਾਂ ਨੂੰ ਫ਼ੌਜੀ ਵਰਦੀਆਂ ਤੇ ਫ਼ੌਜੀ ਬੰਦੂਕਾਂ ਦੇਂਦਾ ਹੈ]

ਸੁਚਾ ਜਾਣ ਅੰਗਰੇਜ਼ ਪੰਜਾਬੀਆਂ ਨੇ,
ਭਰਤੀ ਹੋ ਕੇ ਵਰਦੀਆਂ ਕੱਸੀਆਂ ਨੇ।
ਹਉਕੇ ਵਿਛੜ ਕੇ ਲਏ ਪੰਜਾਬਣਾਂ ਨੇ,
ਓਧਰ ਮੇਮਾਂ ਇੰਗਲੈਂਡ ਵਿਚ ਹੱਸੀਆਂ ਨੇ।

[ਜਦੋਂ ਪੰਜਾਬੀ ਭਰਤੀ ਹੋ ਕੇ ਅੰਗਰੇਜ਼ ਦੇ ਮਗਰ ਤੁਰਨ ਲਗਦੇ ਹਨ ਤਾਂ ਪਰਦੇ ਮਗਰੋਂ ਦਰਦ ਭਰੀ ਆਵਾਜ਼ ਵਿਚ ਇਹ

ਗੀਤ ਉਭਰਦਾ ਹੈ]

ਪਰਦੇ ਪਿਛੋਂ — ਕਾਹਨੂੰ ਤੈਂ ਪਵਾਈਆਂ ਨੀ ਕੋਠੜੀਆਂ,
ਕਾਹਨੂੰ ਰਖਿਆ ਈ ਵਿਹੜਾ।
ਤੂੰ ਤੁਰ ਚਲਿਉਂ ਨੌਕਰੀ,
ਪਿਛੇ ਵਸੀਗਾ ਕਿਹੜਾ।

[ਅੰਗਰੇਜ਼ ਤੇ ਪੰਜਾਬੀ ਸਟੇਜ ਤੋਂ ਚਲੇ ਜਾਂਦੇ ਹਨ। ਸਟੇਜ ਉਤੇ ਹਨੇਰਾ — ਗੋਲੀਆਂ ਚਲਣ ਦੀ ਆਵਾਜ਼ — ਝਟ ਪਟ ਫਿਰ ਸਟੇਜ ਉਤੇ ਚਾਨਣਾ — ਉਹੋ ਅੰਗਰੇਜ਼ ਹਸਦਾ ਹਸਦਾ ਆਉਂਦਾ ਹੈ ਤੇ ਪਿਛੋਂ ਉਭਰਦੇ ਗੀਤ ਅਨੁਸਾਰ ਕਾਰਜ ਕਰਦਾ ਹੈ]

ਪਰਦੇ ਪਿਛੋਂ ਆਵਾਜ਼ —

ਹਾਰ ਹੋਈ ਜਰਮਨ ਨੂੰ ਭਾਰੀ, ਜੰਗ ਦੇ ਬਦਲ ਨਸੇ,
ਗੋਰਿਆਂ ਦੇ ਕੁਮਲਾਏ ਚਿਹਰੇ, ਗੁਟਕੇ ਖਿੜ ਖਿੜ ਹਸੇ।
ਐਪਰ ਕਈ ਪੰਜਾਬੀਆਂ ਦੇ ਘਰ, ਪੈ ਗਈਆਂ ਕਾਲੀਆਂ ਰਾਤਾਂ,
ਮੁੜੇ ਘਰਾਂ ਨੂੰ ਬੀਰ ਪੰਜਾਬੀ, ਲੈ ਕੇ ਅਜਬ ਸੁਗਾਤਾਂ।

[ਸਟੇਜ ਤੇ ਲੰਗੜੇ, ਟੁੰਡੇ ਤੇ ਜ਼ਖਮੀ ਪੰਜਾਬੀ ਆਉਂਦੇ ਹਨ]

ਬਾਂਹ ਕਿਸੇ ਦੀ ਵੱਢੀ ਹੋਈ, ਲੱਤ ਕਿਸੇ ਦੀ ਕੱਟੀ,
ਅੱਖ ਕਿਸੇ ਦੀ ਨਿਕਲੀ ਹੋਈ, ਸਿਰ ਤੇ ਬੱਧੀ ਪੱਟੀ।
ਪਰ ਦਿਲ ਵਿਚ ਇਹ ਚਾਅ ਸੀ, ਹੋ ਜਾਊ ਦੇਸ਼ ਆਜ਼ਾਦ ਪਿਆਰਾ,
ਚਮਕੇ ਅਸਮਾਨਾਂ ਉਤੇ, ਦੇਸ਼ ਸਾਡੇ ਦਾ ਤਾਰਾ।

[ਜ਼ਖਮੀ ਪੰਜਾਬੀ ਸਿਪਾਹੀ ਅੰਗਰੇਜ਼ ਨੂੰ ਇਕਰਾਰ ਯਾਦ ਕਰਾਉਂਦੇ ਹਨ ਪਰ ਅੰਗਰੇਜ਼ ਉਲਟਾ ਉਹਨਾਂ ਨੂੰ ਇਕ ਕਾਗ਼ਜ਼ ਫੜਾਉਂਦਾ ਹੈ ਜਿਸ ਉਤੇ ਮੋਟਾ ਸਾਰਾ "ਰੋਲਟ ਐਕਟ" ਲਿਖਿਆ ਹੈ]

ਭੁਲ ਗਿਆ ਗੋਰਾ ਐਪਰ ਕੀਤੇ ਕੁਲ ਇਕਰਾਰ ਪੁਰਾਣੇ,
ਰੋਲਟ ਐਕਟ ਉਲਟਾ ਲੈ ਕੇ ਆਇਆ, ਜਾਲ ਜਬਰ ਦੇ ਤਾਣੇ।
ਗੁਸੇ ਦੇ ਵਿਚ ਖੋਲ੍ਹਣ ਲਗਾ, ਪੰਜ ਦਰਿਆਂ ਦਾ ਪਾਣੀ,
ਝਟ ਪੰਜਾਬੀਆਂ ਏਸ ਐਕਟ ਦੇ ਮੂਹਰੇ ਛਾਤੀ ਤਾਣੀ।

[ਗੁਸੇ ਵਿਚ ਪੰਜਾਬੀ ਸਟੇਜ ਤੋਂ ਨਿਕਲ ਜਾਂਦੇ ਹਨ, ਤੇ ਇਕ ਢੰਡੋਰਚੀ ਢੰਡੋਰਾ ਦੇਣ ਲਈ ਸਟੇਜ ਉਤੇ ਆ ਜਾਂਦਾ ਹੈ]

ਢੰਡੋਰਚੀ — ਅੰਮ੍ਰਿਤਸਰ ਦੇ ਵਾਸੀਓ, ਮਿਰਾ ਸੁਣੋ ਢੰਡੋਰਾ,
ਅਜ ਨਹੁੰ ਨਹੁੰ ਕਾਲਾ ਹੋ ਗਿਆ, ਸਾਡਾ ਹਾਕਮ ਗੋਰਾ।
ਅਜ ਮੂੰਹ ਮੂੰਹ ਵੇਖੋ ਭਰ ਗਿਆ, ਇਹਦਾ ਜ਼ੁਲਮ ਕਟੋਰਾ।
ਪਰ ਤਕੜੇ ਹੋਵੋ ਦੂਲਿਓ, ਹੁਣ ਕਰੋ ਨਾ ਝੋਰਾ।
ਜੁੜੋ ਜਲ੍ਹਿਆਂ ਵਾਲੇ ਬਾਗ਼ ਵਿਚ, ਢਿਲ ਲਾਓ ਨਾ ਭੋਰਾ।
ਤਾਂ ਜੋ ਕਢੀਏ ਆਪਣੇ ਦੇਸ 'ਚੋਂ, ਇਹ ਜ਼ਾਲਮ ਗੋਰਾ।

[ਢੰਡੋਰਚੀ ਸਟੇਜ ਤੋਂ ਚਲਾ ਜਾਂਦਾ ਹੈ ਤਾਂ ਮਗਰੋਂ ਘੰਟੀ ਖੜਕਾਂਦਾ ਇਕ ਹੋਰ ਢੰਡੋਰਚੀ ਆ ਜਾਂਦਾ ਹੈ]

ਦੂਜਾ ਢੰਡੋਰਚੀ — ਟਨ ਟਨ ਟਨ
ਸੁਣੀਏਂ ਜ਼ਰਾ ਜਨਾਬੇ ਵਾਲਾ।
ਕਿਹਾ ਕਹਿਤਾ ਹੈ ਘੰਟੀ ਵਾਲਾ।
ਬਾਤ ਸੁਨੇਂ ਮੇਰੀ ਜ਼ਰਾ ਗ਼ੌਰ ਸੇ।
ਬਾਤ ਕਰੇਂ ਫਿਰ ਕਿਸੀ ਔਰ ਸੇ।
ਮੈਂ ਹੂੰ ਸਚੀ ਬਾਤ ਸੁਨਾਤਾ।
ਝੂਠ ਮੁਝੇ ਬਿਲਕੁਲ ਨਹੀਂ ਭਾਤਾ।
ਜਬ ਸੇ ਯਹਾਂ ਅੰਗਰੇਜ਼ ਹੈ ਆਇਆ।
ਘਰ ਘਰ ਮੇਂ ਆਨੰਦ ਹੈ ਛਾਇਆ।
ਦੇਸ਼ ਕੀ ਸੋਈ ਕਿਸਮਤ ਜਾਗੀ।
ਦੁਖ ਦਰਿੱਦਰਤਾ ਸਭ ਭਾਗੀ।
ਲੇਕਨ ਚੰਦ ਉਠਾਈਗੀਰੇ,
ਜਾਹਿਲ, ਮੂਰਖ ਔਰ ਬੇ-ਪੀਰੇ।
ਹਾਥ ਮੇਂ ਝੰਡਾ ਲੀਏ ਤਰੰਗਾ
ਕਰਤੇ ਫਿਰੇਂ ਫ਼ਸਾਦ ਔਰ ਦੰਗਾ।
ਇਨ ਕੇ ਝਾਂਸੇ ਮੇਂ ਮਤ ਆਓ
ਜਲਸੇ ਵਲਸੇ ਮੇਂ ਮਤ ਜਾਓ।
ਟਨ, ਟਨ ਟਨ ਟਨ

[ਢੰਡੋਰਚੀ ਢੰਡੋਰਾ ਦੇ ਕੇ ਸਟੇਜ ਤੋਂ ਚਲਾ ਜਾਂਦਾ ਹੈ। ਤੇ ਝਟ ਕੁਝ ਗਭਰੂ ਤੇ ਮੁਟਿਆਰਾਂ ਸਟੇਜ ਉਤੇ ਆ ਕੇ ਇਹ ਗੀਤ ਗਾਂਦੇ ਹਨ]

ਗਭਰੂ — ਰਾਜ ਫ਼ਰੰਗੀ ਦਾ :— ਮੁਟਿਆਰਾਂ — ਨਹੀਂ ਰਹਿਣਾ

ਗਭਰੂ — ਜ਼ੁਲਮ ਬਦੇਸ਼ੀ :— ਮੁਟਿਆਰਾਂ — ਨਹੀਂ ਰਹਿਣਾ
ਗਭਰੂ — ਗੋਰੇ ਰਾਜ ਦੀ :— ਮੁਟਿਆਰਾਂ — ਖੈਹ ਹੋਣੀ
ਗਭਰੂ — ਲੋਕਾਂ ਦੀ ਬਈ :— ਮੁਟਿਆਰਾਂ — ਜੈ ਹੋਣੀ
ਗਭਰੂ ਤੇ ਮੁਟਿਆਰਾਂ ਕੱਠੀਆਂ —

ਗੋਰਿਆਂ ਦੇ ਚਿਹਰਿਆਂ ਉਤੇ,
ਸਾਡੇ ਲਹੂ ਦੀ ਲਿਸ਼ਕਦੀ ਲਾਲੀ।
ਰਾਜ ਫ਼ਰੰਗੀ ਦਾ ... ... ...
ਗੋਰਿਆਂ ਦੇ ਦੰਦ ਜ਼ਹਿਰੀ
ਓਹ ਖਾ ਗਏ ਕਰਤਾਰ ਸਰਾਭਾ।
ਰਾਜ ਫ਼ਰੰਗੀ ਦਾ ... ... ...
ਗੋਰਾ ਭਾਵੇਂ ਤੋਪਾਂ ਬੀੜ ਲਏ,
ਅਸਾਂ ਵਧਣੋਂ ਕਦੇ ਨਹੀਂ ਰੁਕਣਾ।
ਰਾਜ ਫ਼ਰੰਗੀ ਦਾ ... ... ...
ਏਕੇ ਦੀਆਂ ਬੰਨ੍ਹ ਰੱਸੀਆਂ,
ਗੋਰੇ ਸੁਟਣੇ ਸਮੁੰਦਰ ਖਾਰੇ
ਰਾਜ ਫ਼ਰੰਗੀ ਦਾ, ਨਹੀਂ ਰਹਿਣਾ ... ... ...

(ਸਟੇਜ ਉਤੇ ਇਕ ਪਾਸਿਓਂ ਇਕ ਅੰਗਰੇਜ਼ ਤੇ ਸਿਪਾਹੀ ਆਉਂਦਾ ਹੈ। ਗੋਲੀ ਚਲਾਣ ਦਾ ਹੁਕਮ – ਗੋਲੀ ਦਾ ਚਲਣਾ। ਰੋਸ਼ਨੀ ਬੰਦ, ਸਟੇਜ ਉਤੇ ਹਨੇਰਾ ਤੇ ਹਾ ਹਾ ਕਾਰ। ਹੌਲੀ ਹੌਲੀ ਰੋਸ਼ਨੀ। ਇਕ ਮੁਟਿਆਰ ਇਕ ਬਚੇ ਨੂੰ ਸਟੇਜ ਤੋਂ ਚੁਕਦੀ ਚੁਕਦੀ ਉਠਦੀ ਹੈ। ਸਟੇਜ ਉਤੇ ਇਕ ਮੁਟਿਆਰ ਦੀ ਲਾਸ਼ ਪਈ ਹੈ)

ਮੁਟਿਆਰ – ਹਦ ਹੋ ਗਈ ਜ਼ੁਲਮ ਦੀ ਲੋਕੋ,
ਗੋਰੇ ਸਾਨੂੰ ਪਾਇਆ ਸੁਕਣਾ।
ਸੁਕਣਾ, ਰਾਜ ਫ਼ਰੰਗੀਆਂ ਦਾ ਕਦੋਂ ਮੁਕਣਾ ?

(ਸਟੇਜ ਤੋਂ ਹੀ ਇਕ ਜ਼ਖਮੀ ਮਰਦ ਗਾਂਦਾ ਗਾਂਦਾ ਉਠਦਾ ਹੈ)

ਮਰਦ – ਓਦੋਂ ਮੁਕਣਾ ਜ਼ੁਲਮ ਦਾ ਪਹਿਰਾ,
ਲੋਕਾਂ ਜਦੋਂ ਸਿਰ ਚੁਕਿਆ।
ਚੁਕਿਆ, ਰਾਜ ਫ਼ਰੰਗੀਆਂ ਦਾ ਬਸ ਮੁਕਿਆ।

ਮੁਟਿਆਰ – ਰੋਏ ਗੋਰਿਆਂ ਨੂੰ ਬਾਲ ਨਿਆਣਾ,
ਜਿਨ੍ਹਾਂ ਇਹਦਾ ਦੁਧ ਖੋਹ ਲਿਆ।

ਹੋਕਾ, ਕਿਹੜਾ ਇਹਨੂੰ ਪਾਲੇਗਾ ਹੁਣ ਲੋਕਾ ।
ਮਰਦ – ਥਾਂ ਦੁਧ ਦੀ ਸਦਾ ਲਈ ਦੇ ਗਈ,
ਮਾਂ ਇਹਨੂੰ ਲਹੂ ਆਪਣਾ ਸਾਰਾ ।
ਸਾਰਾ, ਜਨਤਾ ਦੇ ਨੈਣਾਂ ਦਾ ਇਹ ਤਾਰਾ ।
ਮੁਟਿਆਰ – ਉਹਦੇ ਰਾਂਗਲੇ ਚੂੜੇ ਚੋਂ ਲਹੂ ਚੋ ਚੋ,
ਹੋ ਗਈ ਜ਼ਮੀਨ ਰਾਂਗਲੀ ਸਾਰੀ ।
ਸਾਰੀ, ਧਰਤੀ ਨੇ ਓੜ੍ਹ ਲਈ ਫੁਲਕਾਰੀ ।
ਦੋਵੇਂ – ਦਿਨ ਰਹਿ ਗਏ ਜ਼ੁਲਮ ਦੇ ਥੋੜੇ,
ਲੋਕਾਂ ਦਾ ਗ਼ਰੂਰ ਜਾਗਿਆ ।
ਜਾਗਿਆ, ਨ੍ਹੇਰਿਆਂ ਦੀ ਕੁਖ ਚੀਰ ਕੇ ਨੂਰ ਜਾਗਿਆ ।

[ਪਰਦਾ ਡਿਗਦਾ ਹੈ]

## • ਚੌਥੀ ਝਾਕੀ •

(ਤਿੰਨ ਚਾਰ ਅੰਗਰੇਜ਼, ਪੁਲਸ ਅਫ਼ਸਰਾਂ ਦੇ ਨਾਲ ਇਕ ਪਾਸੇ ਤੋਂ ਸਟੇਜ ਉਤੇ ਆਉਂਦੇ ਹਨ । ਪਰਦੇ ਪਿਛੋਂ ਗੀਤ ਦੀ ਆਵਾਜ਼ ਉਭਰਦੀ ਹੈ)

ਪਰਦੇ ਪਿਛੋਂ ਆਵਾਜ਼ —
ਸਾਈਮਨ ਇਕ ਅੰਗਰੇਜ਼ ਚਲਾਕ ਭਾਰਾ,
ਘਲਿਆ ਗੋਰਿਆਂ ਨੇ ਇੰਗਲਸਤਾਨ ਵਿਚੋਂ ।
'ਵਾਪਸ ਮੁੜੋ ਸਾਈਮਨ, ਵਾਪਸ ਮੁੜੋ ਸਾਈਮਨ',
ਨਾਹਰੇ ਗੂੰਜ ਉਠੇ ਹਿੰਦੁਸਤਾਨ ਵਿਚੋਂ ।

(ਸਟੇਜ ਦੇ ਦੂਜੇ ਪਾਸਿਓਂ ਬਹੁਤ ਸਾਰੇ ਪੰਜਾਬੀ ਗਭਰੂ ਤੇ ਮੁਟਿਆਰਾਂ ਇਕ ਬੁਢੇ ਪੰਜਾਬੀ ਦੀ ਅਗਵਾਈ ਹੇਠ, "ਸਾਈਮਨ ਗੋ-ਬੈਕ" ਦੇ ਨਾਹਰੇ ਲਾਂਦੇ ਆਉਂਦੇ ਹਨ)

ਸਾਰੇ ਪੰਜਾਬੀ – ਸੁਣੀਂ ਸਾਈਮਨਾ, ਪਿਛਾਂਹ ਨੂੰ ਘਰ ਮੁੜ ਜਾ,
ਧਰਤੀ ਪੰਜਾਬੀਆਂ ਦੀ ਪੈਰ ਰਖੀਂ ਨਾ ।
ਪੈਰ ਰਖੀਂ ਨਾ ਲਹੂ ਦੇ ਵਿਚ ਲਿਬੜੇ,
ਜਿਥੇ ਸੁਚਾ ਲਹੂ ਡੋਲ੍ਹਿਆ, ਬਾਗ਼ ਜਲ੍ਹਿਆਂ ।
ਬਾਗ਼ ਜਲ੍ਹਿਆਂ ਵਾਲੇ ਦੇ ਸ਼ੇਰ ਦੂਲੇ,

ਦੇਸ਼ ਦੀ ਆਜ਼ਾਦੀ ਵਾਸਤੇ, ਏਥੇ ਸੁਤੇ ਨੇ।
ਏਥੇ ਸੁਤੇ ਨੇ ਸਰਾਭੇ ਜਿਹੇ ਸੂਰਮੇ,
ਫਾਂਸੀਆਂ ਦੇ ਰਸੇ ਚੁੰਮ ਕੇ, ਏਥੇ ਸੁਤੀਆਂ।
ਏਥੇ ਸੁਤੀਆਂ ਹੀਰਾਂ ਤੇ ਕਈ ਸੁਹਣੀਆਂ,
ਸੀਨਿਆਂ 'ਚ ਅੱਗ ਦਬ ਕੇ, ਪੈਰ ਲਾ ਕੇ।
ਪੈਰ ਲਾ ਕੇ ਕਿਤੇ ਨਾ ਐਵੇਂ ਫੋਲ ਬਹੀਂ,
ਸੜ ਕੇ ਸਵਾਹ ਹੋਏਂਗਾ, ਵੇਖੀਂ ਜ਼ਾਲਮਾਂ।
ਵੇਖੀਂ ਜ਼ਾਲਮਾਂ ਅਗਾਂਹ ਜੇ ਪੈਰ ਪੁਟਿਆ,
ਕਖ ਕਿਸੇ ਛਡਣਾ ਨਹੀਂ ਗੋਰਿਆ।
ਸਾਗਰਾਂ ਦੇ ਪਾਰ ਤੈਨੂੰ ਬਸ ਟੋਰਿਆ।

(ਇਕ ਅੰਗਰੇਜ਼ ਗੁਸੇ ਵਿਚ ਆਇਆ ਪੁਲਸ ਨੂੰ ਲਾਠੀ ਚਾਰਜ ਕਰਨ ਦਾ ਹੁਕਮ ਦੇਂਦਾ ਹੈ। ਅੰਨ੍ਹੀ ਲਾਠੀ ਚਾਰਜ ਹੁੰਦੀ ਹੈ ਪਰ ਬਹਾਦਰ ਪੰਜਾਬੀ ਲਾਠੀਆਂ ਖਾਂਦੇ ਹੋਏ ਵੀ ਗੀਤ ਗਾਈ ਜਾਂਦੇ ਹਨ)

ਪੰਜਾਬੀ – ਜਿਹੜਾ ਟਿਲ ਲਗਦਾ ਈ ਲਾ ਲੈ ਉਏ ਫ਼ਰੰਗੀਆ।
ਹੋਣੀ ਊ ਸਾਡੀ ਜੈ, ਫ਼ਰੰਗੀਆ ਹੋਣੀ ਊ ਸਾਡੀ ਜੈ।
ਲਾਠੀ ਹੋਰ ਚਲਾ ਲੈ,
ਭਾਵੇਂ ਫ਼ੌਜ ਬੁਲਾ ਲੈ,
ਰਜ ਕੇ ਜ਼ੁਲਮ ਕਮਾ ਲੈ,
ਨਹੀਊਂ ਮੁੜਨਾ ਪਿਛਾਂਹ ਨੂੰ ਪੈਰ ਚੁਕਿਆ, ਫ਼ਰੰਗੀਆ,
ਹੋਣੀ ਊ ਤੇਰੀ ਖੈ, ਫ਼ਰੰਗੀਆ ਹੋਣੀ ਊ ਸਾਡੀ ਜੈ।
ਜਿਹੜਾ ਟਿਲ ਲਗਦਾ ਈ ਲਾ ਲੈ ਓਏ ਫ਼ਰੰਗੀਆ,
ਹੋਣੀ ਊ ਸਾਡੀ ਜੈ, ਫ਼ਰੰਗੀਆ ਹੋਣੀ ਊ ਤੇਰੀ ਖੈ।

(ਇਕ ਅੰਗਰੇਜ਼, ਇਕ ਸਿਪਾਹੀ ਤੋਂ ਡਾਂਗ ਲੈ ਕੇ ਅਗਵਾਈ ਕਰ ਰਹੇ ਬੁਢੇ ਨੂੰ ਮਾਰਦਾ ਹੈ। ਉਹ ਬੁਢਾ ਪੰਜਾਬੀ ਧਰਤੀ ਤੇ ਡਿਗ ਪੈਂਦਾ ਹੈ। ਸਾਰੇ ਪਾਸੇ ਚੁਪ ਛਾ ਜਾਂਦੀ ਹੈ। ਲਹੂ ਲੁਹਾਨ ਬੁਢਾ ਪੰਜਾਬੀ ਹੌਲੀ ਹੌਲੀ ਉਠਦਾ ਹੋਇਆ ਸਾਰੇ ਪੰਜਾਬੀਆਂ ਨੂੰ ਸੰਬੋਧਨ ਕਰ ਕੇ ਕਹਿੰਦਾ ਹੈ)

ਬਸ ਬਸ ਹੁਣ ਸਾਥੀਓ ਹੱਦ ਹੋ ਗਈ,
ਸਾਥੋਂ ਹੋਰ ਨਹੀਂ ਜੇ ਜ਼ੁਲਮ ਸਹਿਆ ਜਾਂਦਾ।

ਜਿਹੜੀ ਗਲ ਮੈਂ ਅਜ ਤਕ ਨਹੀਂ ਆਖੀ,
ਉਹੋ ਗਲ ਅਜ ਕਹਿਣੋਂ ਨਹੀਂ ਰਹਿਆ ਜਾਂਦਾ।
ਕਾਸ਼ ! ਤੁਹਾਡੇ ਚੋਂ ਕੋਈ ਆਵਾਜ਼ ਸਮਝੇ,
ਇਕ ਇਕ ਲਾਸ ਮੇਰੀ ਜੋ ਪਈ ਬੋਲਦੀ ਏ।
ਬਦਲਾ ਮੇਰੇ ਅਪਮਾਨ ਦਾ ਲਵੇ ਜਿਹੜਾ,
ਮੇਰੀ ਨਜ਼ਰ ਉਸ ਸ਼ੇਰ ਨੂੰ ਟੋਲਦੀ ਏ।
(ਬੁੱਢੇ ਪੰਜਾਬੀ ਦੀ ਲਲਕਾਰ ਸੁਣ ਕੇ, ਜਲੂਸ 'ਚੋਂ ਇਕ ਗਭਰੂ ਨਿਕਲ ਬੁੱਢੇ ਪੰਜਾਬੀ ਦੇ ਕੋਲ ਜਾ ਖੜਾ ਹੁੰਦਾ ਹੈ)
ਪਰਦੇ ਮਗਰੋਂ ਆਵਾਜ਼—
ਭਗਤ ਸਿੰਘ ਨਾ ਗਲ ਸਹਾਰ ਸਕਿਆ,
ਲਹੂ ਉਸ ਦਿਆਂ ਨੈਣਾਂ ਚੋਂ ਵਹਿਣ ਲਗਾ।
ਲਾਜਪਤ ਦੇ ਪੈਰਾਂ 'ਚ ਖੜਾ ਹੋ ਕੇ,
ਜੁੜੇ ਲੋਕਾਂ ਨੂੰ ਇਸ ਤਰ੍ਹਾਂ ਕਹਿਣ ਲਗਾ।
ਭਗਤ ਸਿੰਘ – ਕਸਮ ਹੈ ਮੈਨੂੰ ਸਾਥੀਓ ਵਤਨ ਦੇ ਪਿਆਰ ਦੀ,
ਕਸਮ ਹੈ ਮੈਨੂੰ ਅਣਖ ਦੀ, ਆਪਣੇ ਵੱਕਾਰ ਦੀ।
ਕਸਮ ਹੈ ਮੈਨੂੰ ਆਪਣੇ ਹਰ ਇਕ ਸੁਆਸ ਦੀ,
ਕਸਮ ਆਜ਼ਾਦ ਹੋਣ ਦੀ ਹਰ ਰੰਗਲੀ ਆਸ ਦੀ।
ਮੈਂ ਬਦਲਾ ਲੈ ਕੇ ਛਡਾਂਗਾ, ਇਸ ਅਤਿਆਚਾਰ ਦਾ,
ਦਸਾਂਗਾ ਰਾਹ ਗੋਰੇ ਨੂੰ ਮੈਂ, ਸਾਗਰ ਦੇ ਪਾਰ ਦਾ।
(ਬੁੱਢੇ ਪੰਜਾਬੀ ਨੂੰ ਸਹਾਰਾ ਦੇ ਕੇ ਜਲੂਸ ਸਟੇਜ ਤੋਂ ਹੇਠ ਇਹ ਸਤਰਾਂ ਗਾਂਦਾ ਗਾਂਦਾ ਚਲਾ ਜਾਂਦਾ ਹੈ)
"ਸਰਫ਼ਰੋਸ਼ੀ ਕੀ ਤਮੰਨਾ,
ਅਬ ਹਮਾਰੇ ਦਿਲ ਮੇਂ ਹੈ।
ਦੇਖਨਾ ਹੈ ਜ਼ੋਰ ਕਿਤਨਾ,
ਬਾਜ਼ੂਏ ਕਾਤਿਲ ਮੇਂ ਹੈ।"
(ਸਟੇਜ ਉਤੇ ਹਨੇਰਾ, ਗੋਲੀ ਚਲਣ ਦੀ ਆਵਾਜ਼ ਤੇ ਫਿਰ ਸਟੇਜ ਉਤੇ ਰੋਸ਼ਨੀ। ਹਥਕੜੀਆਂ ਵਿਚ ਜਕੜਿਆ ਭਗਤ ਸਿੰਘ ਸਟੇਜ ਉਤੇ ਇਹ ਗੀਤ ਗਾਂਦਾ ਆਉਂਦਾ ਹੈ ਤੇ ਲੰਘ ਜਾਂਦਾ ਹੈ]
ਭਗਤ ਸਿੰਘ –
ਹਥਕੜੀਆਂ 'ਚੋਂ ਆਪਣੇ ਦੇਸ਼ ਦੀਆਂ,

ਟੁਟੀਆਂ ਜ਼ੰਜੀਰਾਂ ਵੇਖ ਰਿਹਾਂ।
ਟੁਟੀਆਂ ਜ਼ੰਜੀਰਾਂ 'ਚੋਂ ਬਣੀਆਂ,
ਸੁੰਦਰ ਤਕਦੀਰਾਂ ਵੇਖ ਰਿਹਾਂ।
ਨਹੀਂ ਯੁਗ ਰਹਿਣਾ ਸਰਮਾਏ ਦਾ,
ਨਹੀਂ ਲੁਟ ਰਹਿਣੀ ਧਨਵਾਨਾਂ ਦੀ।
ਮੈਂ ਗੋਰੇ ਰਾਜ ਦੇ ਖੰਡਰਾਂ ਤੇ,
ਨਵੀਆਂ ਤਾਮੀਰਾਂ ਵੇਖ ਰਿਹਾਂ।
ਮੈਂ ਲਾਵਾ ਫਟਦਾ ਵੇਖ ਰਿਹਾਂ,
ਹਥਾਂ ਦੇ ਫਿਸਦੇ ਛਾਲਿਆਂ 'ਚੋਂ।
ਤੇ ਸੱਪਾਂ ਦੇ ਵਿਚ ਬਦਲ ਰਹੀਆਂ,
ਮੈਂ ਪਾਟੀਆਂ ਲੀਰਾਂ ਵੇਖ ਰਿਹਾਂ।
ਹੈ ਮਾਂਗ ਸੰਧੂਰੀ ਧਰਤੀ ਦੀ,
ਕੰਨਾਂ ਵਿਚ ਝੁਮਕੇ ਸਿਟਿਆਂ ਦੇ।
ਝਾਂਜਰ ਛਣਕਾਂਦੀਆਂ ਖੇਤਾਂ ਨੂੰ,
ਮੈਂ ਜਾਂਦੀਆਂ ਹੀਰਾਂ ਵੇਖ ਰਿਹਾਂ।
ਹੈ ਮਾਣ ਤੁਹਾਡੇ ਤੇ ਮੈਨੂੰ,
ਹੇ ਮਜ਼ਦੂਰੋ, ਹੇ ਕਿਰਸਾਨੋ।
ਪਰ ਧਨਵਾਨਾਂ ਦੇ ਦਿਲ ਅੰਦਰ,
ਲੁਕੀਆਂ ਸ਼ਮਸ਼ੀਰਾਂ ਵੇਖ ਰਿਹਾਂ।
ਸ਼ਾਂਤੀ, ਅਹਿੰਸਾ ਦੇ ਰਾਹ ਤੇ,
ਟੁਰ ਕੇ ਕਦ ਮੰਜ਼ਲ ਪਹੁੰਚੋਗੇ।
ਇਕ ਸਾਂਝੇ ਝਟਕੇ ਨਾਲ ਗ਼ੁਲਾਮੀ,
ਲੀਰਾਂ ਲੀਰਾਂ ਵੇਖ ਰਿਹਾਂ।

[ਭਗਤ ਸਿੰਘ ਸਟੇਜ ਤੋਂ ਚਲਾ ਜਾਂਦਾ ਹੈ ਤੇ ਸਟੇਜ ਉਤੇ ਹਨੇਰਾ। ਪਰਛਾਵੇਂ ਵਾਲੇ ਪਰਦੇ ਤੇ ਦਰਿਆ ਦੀਆਂ ਲਹਿਰਾਂ ਵਿਖਾਈ ਦੇਂਦੀਆਂ ਹਨ। ਸਟੇਜ ਤੇ ਕੁਝ ਪੰਜਾਬੀ ਗਭਰੂ ਤੇ ਮੁਟਿਆਰਾਂ ਲਹਿਰਾਂ ਨੂੰ ਸੰਬੋਧਨ ਕਰ ਕੇ ਇਹ ਗੀਤ ਗਾਂਦੀਆਂ ਹਨ]

ਪੰਜਾਬੀ ਮਰਦ ਤੇ ਔਰਤਾਂ:

ਸਤਲੁਜ ਦੀਓ ਲਹਿਰੋ ਬੋਲੋ ਨੀ,
ਕਝ ਭੇਦ ਦਿਲਾਂ ਦਾ ਖੋਲ੍ਹੋ ਨੀ।

ਮਰਦ – ਬੇਚੈਨ ਹਵਾਵਾਂ ਪੁਛਦੀਆਂ ਨੇ,
ਔਰਤਾਂ — ਭੈਣਾਂ ਦੀਆਂ ਹਾਵਾਂ ਪੁਛਦੀਆਂ ਨੇ
ਪੁਤਰਾਂ ਦੀਆਂ ਮਾਵਾਂ ਪੁਛਦੀਆਂ ਨੇ
ਸਾਰੇ – ਚੁਪ ਸਾਧੀ ਜੇ ਮੂੰਹ ਖੋਲ੍ਹੋ ਨੀ,
ਸਤਲੁਜ ਦੀਓ ਲਹਿਰੋ ਬੋਲੋ ਨੀ।
ਸਾਰੇ – ਕੀ ਅੰਗ ਅੰਗ ਗੋਰੇ ਵਢਿਆ ਸੀ ?
ਕੀ ਅੱਖਾਂ ਨੂੰ ਵੀ ਕਢਿਆ ਸੀ ?
ਕੋਈ ਅੰਗ ਵੀ ਵਢਣੋਂ ਛਡਿਆ ਸੀ ?
ਕੁਲ ਦਰਦ ਕਹਾਣੀ ਫੋਲੋ ਨੀ,
ਸਤਲੁਜ ਦੀਓ ਲਹਿਰੋ ਬੋਲੋ ਨੀ।
[ਪਰਦੇ ਮਗਰੋਂ ਲਹਿਰਾਂ ਦੀ ਸਰ ਸਰ ਦੀ ਆਵਾਜ਼]
ਪਰਦੇ ਮਗਰੋਂ ਆਵਾਜ਼ –
ਸੁਣੋ ਸੁਣੋ ਪੰਜਾਬ ਦੇ ਵਾਸੀਓ ਵੇ,
ਜੋ ਕੁਝ ਵੇਖਿਆ ਅਸਾਂ ਨਿਮਾਣੀਆਂ ਨੇ।
ਹੰਝੂ ਕੇਰੇ ਜੋ ਗਗਨ ਦੇ ਤਾਰਿਆਂ ਨੇ,
ਵੈਣ ਪਾਏ ਜੋ ਸਤਲੁਜ ਦੇ ਪਾਣੀਆਂ ਨੇ।
ਧੂਹ ਕੇ ਗੋਰਿਆਂ ਲਾਸ਼ਾਂ ਟਰੱਕ ਵਿਚੋਂ,
ਸਾਡੇ ਸਾਹਮਣੇ ਰੇਤ ਤੇ ਸੁਟੀਆਂ ਸਨ।
ਜ਼ਿੰਦਗੀ ਅਜੇ ਵੀ ਉਹਨਾਂ 'ਚ ਜਾਪਦੀ ਸੀ,
ਬੂੰਦਾਂ ਲਹੂ ਦੀਆਂ ਅਖਾਂ ਚੋਂ ਫੁਟੀਆਂ ਸਨ।
ਪੰਜਾਬੀ ਗਭਰੂ ਤੇ ਮੁਟਿਆਰਾਂ —
ਸ਼ਹੀਦ ਭਗਤ ਸਿੰਘ – ਜ਼ਿੰਦਾ ਬਾਦ
ਰਾਜ ਗੁਰੂ ਸੁਖਦੇਵ – ਜ਼ਿੰਦਾ ਬਾਦ
ਪਰਦੇ ਮਗਰੋਂ ਆਵਾਜ਼ –
ਏਥੇ ਬਸ ਨਹੀਂ, ਜ਼ੁਲਮ ਦੀ ਹਦ ਹੋਈ,
ਇਕ ਇਕ ਲਾਸ਼ ਨੂੰ ਬੁਜ਼ਦਿਲਾਂ ਟੁਕਿਆ ਸੀ।
ਅਸਾਂ ਉਹਨਾਂ ਦੀ ਇਸ ਕਰਤੂਤ ਉਤੇ,
ਕੰਢਿਓਂ ਉਛਲ ਕੇ ਮੂੰਹਾਂ ਤੇ ਥੁਕਿਆ ਸੀ।
ਪੰਜਾਬੀ -- ਗੋਰਾ ਰਾਜ -- ਮੁਰਦਾ ਬਾਦ
ਪਰਦੇ ਮਗਰੋਂ ਆਵਾਜ਼ —

ਤੇਲ ਪਾ ਕੇ ਲਾਈ ਸੀ ਅਗ ਮਗਰੋਂ,
ਲਾਟਾਂ ਉਹਨਾਂ ਨੂੰ ਬਾਹਾਂ 'ਚ ਘੁਟਿਆ ਸੀ।
ਕਚੇ ਅਧ ਭੁਜੇ ਉਹਨਾਂ ਟੋਟਿਆਂ ਨੂੰ,
ਸਾਡੀ ਗੋਦ ਅੰਦਰ ਆਖ਼ਰ ਸੁਟਿਆ ਸੀ।
ਜਾਓ ਜਾਓ ਹੁਣ ਤੁਸੀਂ ਬੇਫ਼ਿਕਰ ਹੋਵੋ,
ਸਾਡੀ ਗੋਦ ਵਿਚ ਝੂਲਦੇ ਰਹਿਣਗੇ ਇਹ।
ਬਦਲਾ ਇਹਨਾਂ ਦਾ ਲਵੋ ਅੰਗਰੇਜ਼ ਕੋਲੋਂ,
ਵਾਂਗ ਪੁਤਲੀਆਂ ਅੱਖਾਂ 'ਚ ਬਹਿਣਗੇ ਇਹ।

[ਸਟੇਜ ਉਤੇ ਪੂਰੀ ਰੌਸ਼ਨੀ]

ਪੰਜਾਬੀ ਗਭਰੂ ਤੇ ਮੁਟਿਆਰਾਂ -- ਸ਼ਹੀਦ ਭਗਤ ਸਿੰਘ, ਰਾਜ ਗੁਰੂ ਸੁਖਦੇਵ ਜ਼ਿੰਦਾ ਬਾਦ --

ਸਾਰੇ ਪੰਜਾਬੀ —
ਇਨਕਲਾਬ ਜ਼ਿੰਦਾ ਬਾਦ, ਇਨਕਲਾਬ ਜ਼ਿੰਦਾ ਬਾਦ
ਕਰ ਕੇ ਰਹਿਣਾ ਹੈ ਹੁਣ ਆਪਣਾ ਸੋਹਣਾ ਦੇਸ਼ ਆਜ਼ਾਦ
ਕੀ ਹੋਇਆ ਇਕ ਕਿਰਨ ਸੁਨਹਿਰੀ,
ਅਜ ਹੈ ਜੇ ਕਰ ਲੁਕੀ।
ਪਰ ਜੀਵਨ ਦੇ ਮੂਹਰੇ ਵੇਖੋ,
ਮੌਤ ਕਿਵੇਂ ਹੈ ਝੁਕੀ।
ਮੇਖ ਹੋਰ ਇਕ ਅੰਗਰੇਜ਼ਾਂ ਦੇ,
ਕਫ਼ਨ ਵਿਚਾਲੇ ਠੁਕੀ।
ਇਹ ਸਤਲੁਜ ਦਾ ਕੰਢਾ ਸਾਨੂੰ,
ਰਹੇ ਹਮੇਸ਼ਾ ਯਾਦ।
ਇਨਕਲਾਬ ਜ਼ਿੰਦਾ ਬਾਦ, ਇਨਕਲਾਬ ਜ਼ਿੰਦਾ ਬਾਦ
ਕਰ ਕੇ ਰਹਿਣਾ ਹੈ ਹੁਣ ਆਪਣਾ ਸੁਹਣਾ ਦੇਸ਼ ਆਜ਼ਾਦ
[ਗਾਂਦੇ ਗਾਂਦੇ ਸਟੇਜ ਤੋਂ ਚਲੇ ਜਾਂਦੇ ਹਨ]

(ਪਰਦਾ)

## • ਪੰਜਵੀਂ ਝਾਕੀ •

[ਸਟੇਜ ਉਤੇ ਇਕ ਅੰਗਰੇਜ਼ ਖ਼ੁਸ਼ੀ ਵਿਚ ਨੱਚਦਾ ਟੱਪਦਾ ਤੇ ਗਾਂਦਾ

ਹੋਇਆ ਆਉਂਦਾ ਹੈ ]

ਅੰਗਰੇਜ਼ — ਵਾਹ ਬਈ ਵਾਹ, ਬਈ ਵਾਹ,
ਸਾਫ਼ ਮੇਰਾ ਹੈ ਰਾਹ।
ਮੈਨੂੰ ਨਹੀਂ ਪਰਵਾਹ ਕਿਸੇ ਦੀ,
ਮੈਨੂੰ ਨਹੀਂ ਪਰਵਾਹ।
ਮੈਂ ਵਾਸੀ ਇੰਗਲਿਸਤਾਨ ਦਾ,
ਪਰ ਹਾਕਮ ਹਿੰਦੁਸਤਾਨ ਦਾ।
ਡਰ ਮੈਨੂੰ ਹੁਣ ਮੂਲ ਰਿਹਾ ਨਹੀਂ,
ਬਾਗ਼ੀ ਕਿਸੇ ਸ਼ੈਤਾਨ ਦਾ।
ਪੀਲੀ ਸਰ੍ਹੋਂ 'ਚੋਂ ਸੋਨਾ ਕੱਢਾਂ,
ਅਤੇ ਕਪਾਹ 'ਚੋਂ ਚਾਂਦੀ।
ਕਣਕ ਦੇ ਦਾਣੇ ਹੀਰੇ ਪੰਨੇ,
ਦੁਨੀਆਂ ਮੇਰੀ ਬਾਂਦੀ।
ਦੂਣਾ ਕਰ ਕੇ ਮਾਲੀਆ ਵੇਖੋ,
ਲਹੂ ਪੀਵਾਂ ਕਿਰਸਾਨ ਦਾ।
ਡਰ ਮੈਨੂੰ ਹੁਣ ਮੂਲ ਰਿਹਾ ਨਹੀਂ,
ਬਾਗ਼ੀ ਕਿਸੇ ਸ਼ੈਤਾਨ ਦਾ।
ਵਾਹ ਬਈ ਵਾਹ, ਬਈ ਵਾਹ...

[ਇਹ ਗਾਂਦਾ ਗਾਂਦਾ ਅੰਗਰੇਜ਼ ਚਲਾ ਜਾਂਦਾ ਹੈ। ਝਟ ਹੀ ਸਟੇਜ ਦੇ ਦੋਹਾਂ ਪਾਸਿਆਂ 'ਚੋਂ ਕਿਸਾਨ ਗਭਰੂ ਤੇ ਮੁਟਿਆਰਾਂ, ਇਕ ਪਾਸਿਓਂ ਤਰੰਗਾ ਤੇ ਦੂਜੇ ਪਾਸਿਓਂ ਲਾਲ ਝੰਡਾ ਚੁਕੀ ਆ ਜਾਂਦੇ ਹਨ]

ਕਿਸਾਨ ਗਭਰੂ ਤੇ ਮੁਟਿਆਰਾਂ —
ਦੇਸ਼ ਦੇ ਕਿਸਾਨ ਆ ਗਏ ਨੇ ਵਿਚ ਮੈਦਾਨ,
ਲੈ ਕੇ ਕੌਮੀ ਏਕਤਾ ਦੇ —
ਲੈ ਕੇ ਸਾਂਝੀਵਾਲਤਾ ਦੇ ਝੂਲਦੇ ਨਿਸ਼ਾਨ।
ਸਾਥੋਂ ਉਦਾਸ ਪੈਲੀਆਂ ਨਹੀਂ ਵੇਖੀਆਂ ਗਈਆਂ।
ਤਨ ਉਤੇ ਲੀਰਾਂ ਮੈਲੀਆਂ ਨਹੀਂ ਵੇਖੀਆਂ ਗਈਆਂ।
ਭੁਖਾਂ ਚੁਫੇਰੇ ਫੈਲੀਆਂ ਨਹੀਂ ਵੇਖੀਆਂ ਗਈਆਂ।
ਵੇਖੇ ਗਏ ਨਹੀਂ ਝੁਲਸਦੇ ਫੁਲਾਂ ਜਿਹੇ ਨਾਦਾਨ,

ਦੇਸ਼ ਦੇ ਕਿਸਾਨ ... ... ...
ਮੁੜ੍ਹਕੇ ਦੇ ਮੋਤੀ ਸਾਡੇ ਨੇ ਮੰਡੀਆਂ 'ਚ ਰੁਲ ਗਏ
ਸਾਡੇ ਲਹੂ ਦੇ ਲਾਲ ਨੇ ਕੌਡਾਂ ਦੇ ਮੁਲ ਗਏ
ਸਧਰਾਂ ਦੇ ਫੁਲ ਬਾਜ਼ਾਰ ਦੇ ਕੰਡਿਆਂ ਤੇ ਤੁਲ ਗਏ
ਹੈ ਘਰ ਅਸਾਡਾ ਹੋ ਗਿਆ ਵਸਦਾ ਹੋਇਆ ਵੀਰਾਨ
ਦੇਸ਼ ਦੇ ਕਿਸਾਨ ... ... ...
ਅਸੀਂ ਇਹ ਜ਼ੁਲਮ ਜਬਰ ਸਹਿਣ ਨੂੰ ਤਿਆਰ ਨਹੀਂ
ਕਿਸਮਤ ਤੇ ਆਸ ਰਖ ਕੇ ਬਹਿਣ ਨੂੰ ਤਿਆਰ ਨਹੀਂ
ਚੁੱਪ ਚਾਪ ਹੰਝੂ ਵਾਂਗ ਢਹਿਣ ਨੂੰ ਤਿਆਰ ਨਹੀਂ।
ਹੰਝੂਆਂ 'ਚੋਂ ਹੀ ਹੁਣ ਉਠੇਗਾ ਅਗਨੀ ਦਾ ਇਕ ਤੂਫ਼ਾਨ।
ਦੇਸ਼ ਦੇ ਕਿਸਾਨ ... ... ...
ਇਹ ਵੇਖੋ ਦਾਤੀਆਂ ਦੇ ਮੂੰਹ ਗ਼ੁਸੇ 'ਚ ਲਾਲ ਨੇ,
ਬਗ਼ਾਵਤਾਂ 'ਚ ਢਲ ਰਹੇ ਸਾਡੇ ਖ਼ਿਆਲ ਨੇ।
ਅਜ ਗਰਮ ਜੇਠ ਹਾੜ ਤੋਂ ਸਾਡੇ ਸਿਆਲ ਨੇ,
ਨਹੀਂ ਰਹਿਣ ਦੇਣਾ ਗੋਰੇ ਰਾਜ ਦਾ ਅਸਾਂ ਨਿਸ਼ਾਨ।
ਦੇਸ਼ ਦੇ ਕਿਸਾਨ ਆ ਗਏ ਨੇ ਵਿਚ ਮੈਦਾਨ,
ਲੈ ਕੇ ਕੌਮੀ ਏਕਤਾ ਦੇ,
ਲੈ ਕੇ ਸਾਂਝੀਵਾਲਤਾ ਦੇ ਝੂਲਦੇ ਨਿਸ਼ਾਨ —

(ਗਾਂਦੇ ਗਾਂਦੇ ਚਲੇ ਜਾਂਦੇ ਹਨ। ਪਰਦਾ)